## ਮਾਇਕ ਵਿਉਂਤਬੰਦੀ

ਕਿਰਪਾ ਕਰਕੇ ਇਹ ਪੱਕਾ ਕਰੋ ਕਿ ਤੁਸੀਂ ਆਪਣੇ ਇਨਕਮ ਟੈਕਸ ਦੇ ਤਾਜ਼ਾ ਪੇਪਰ ਭਰੇ ਹੋਏ ਹਨ। ਇਹ ਜ਼ਰੂਰੀ ਹੈ ਕਿ ਤੁਸੀਂ ਫੇਅਰ ਫਾਰਮਾਕੇਅਰ ਨਾਲ ਰਜਿਸਟਰ ਹੋ। ਜਿਨ੍ਹਾਂ ਲੋਕਾਂ ਦੇ ਜਿਗਰ ਦੀ ਬਦਲੀ ਹੁੰਦੀ ਹੈ ਉਨ੍ਹਾਂ ਨੂੰ ਇਮਿਊਨੋਸੁਪਰੈਸ਼ਨ (ਐਂਟੀ-ਰਿਜੈਕਸ਼ਨ) ਦਵਾਈ ਲੈਣ ਦੀ ਲੋੜ ਪਵੇਗੀ। ਇਹ ਦਵਾਈ ਬਹੁਤ ਮਹਿੰਗੀ ਹੈ। ਜੇ ਤੁਸੀਂ ਫੇਅਰ ਫਾਰਮਾਕੇਅਰ ਨਾਲ ਰਜਿਸਟਰ ਹੋ ਤਾਂ ਬੀ ਸੀ ਟ੍ਰਾਂਸਪਲਾਂਟ ਇਮਿਊਨੋਸੁਪਰੈਸ਼ਨ ਦੀ ਬਹੁਤੀ ਦਵਾਈ ਮੁਫਤ ਦੇਵੇਗਾ। ਤੁਸੀਂ ਔਨਲਾਈਨ ਇਹ ਪਤਾ ਕਰ ਸਕਦੇ ਹੋ ਕਿ ਕੀ ਤੁਸੀਂ ਰਜਿਸਟਰ ਹੋ ਜਾਂ ਨਹੀਂ। ਜੇ ਤੁਸੀਂ ਰਜਿਸਟਰ ਨਹੀਂ ਹੋ ਤਾਂ ਤੁਸੀਂ ਰਜਿਸਟਰੇਸ਼ਨ ਦਾ ਕਾਰਜ ਔਨਲਾਈਨ ਵੀ ਸ਼ੁਰੂ ਕਰ ਸਕਦੇ ਹੋ।

ਜੇ ਤੁਹਾਡੇ ਕੋਲ ਪ੍ਰਾਈਵੇਟ ਐਕਸਟੈਂਡਿਡ ਸਿਹਤ ਯੋਜਨਾ ਹੈ ਤਾਂ ਅਪੌਇੰਟਮੈਂਟਾਂ ਲਈ ਆਉਣ ਜਾਣ ਅਤੇ ਇਸ ਅਧੀਨ ਗੁਰਦੇ ਦੀ ਬਦਲੀ ਤੋਂ ਬਾਅਦ ਰਿਹਾਇਸ਼ ਲਈ ਤੁਹਾਡੇ ਕੋਲ ਕੁਝ ਕਵਰੇਜ ਹੋ ਸਕਦੀ ਹੈ। ਤੁਸੀਂ ਆਪਣੇ ਬੈਨੇਫਿਟਸ ਏਜੰਟ ਤੋਂ ਇਹ ਜਾਣਕਾਰੀ ਲੈ ਸਕਦੇ ਹੋ।

ਜਿਗਰ ਦੀ ਬਦਲੀ ਨਾਲ ਸੰਬੰਧਿਤ ਆਪਣੇ ਸ਼ਹਿਰ ਤੋਂ ਬਾਹਰ ਦੇ ਖਰਚਿਆਂ ਦੀਆਂ ਸਾਰੀਆਂ ਰਸੀਦਾਂ ਰੱਖੋ। ਤੁਸੀਂ ਇਨ੍ਹਾਂ ਵਿੱਚੋਂ ਕੁਝ ਖਰਚੇ ਆਪਣੀ ਇਨਕਮ ਟੈਕਸ ਰੀਟਰਨ ਵਿਚ ਦਾਅਵਾ ਕਰਨ ਦੇ ਯੋਗ ਹੋ ਸਕਦੇ ਹੋ। ਇਹ ਸਲਾਹ ਦਿੱਤੀ ਜਾਂਦੀ ਹੈ ਕਿ ਮੈਡੀਕਲ ਖਰਚੇ ਦਾ ਦਾਅਵਾ ਕਰਨ ਲਈ ਆਪਣੇ ਟੈਕਸ ਪੇਪਰ ਕਿਸੇ ਅਕਾਊਂਟੈਂਟ ਤੋਂ ਭਰਵਾਉ। ਅਕਾਊਂਟੈਂਟ ਇਹ ਪਤਾ ਲਾਉਣ ਵਿਚ ਮਦਦ ਕਰਨ ਦੇ ਯੋਗ ਹੋਵੇਗਾ ਕਿ ਕਿਹੜੇ ਖਰਚੇ ਭਰਨਯੋਗ ਹਨ ਅਤੇ ਕਿਹੜੇ ਨਹੀਂ।

ਸਾਨੂੰ ਆਸ ਹੈ ਕਿ ਇਸ ਪੇਪਰ ਵਿਚ ਦਿੱਤੀ ਜਾਣਕਾਰੀ ਤੁਹਾਨੂੰ ਆਪਣੀਆਂ ਕਲੀਨਿਕ ਦੀਆਂ ਅਪੌਇੰਟਮੈਂਟਾਂ ਅਤੇ ਅਸੈੱਸਮੈਂਟਾਂ ਦੀ ਤਿਆਰੀ ਲਈ ਮਦਦਗਾਰ ਹੋਵੇਗੀ।




ਗੌਰਡਨ ਐਂਡ ਲੈਸਲੀ ਡਾਇਮੰਡ
ਹੈਲਥ ਕੇਅਰ ਸੈਂਟਰ
ਸੌਲਿਡ ਔਰਗਨ ਟ੍ਰਾਂਸਪਲਾਂਟ ਕਲੀਨਿਕ
Vancouver, BC V5Z 1M9

ਟੈਲੀਫੋਨ: 604 875-5182

Vancouver CoastalHealth
*Promoting wellness. Ensuring care.*

ਹੋਰ ਕਾਪੀਆਂ ਲੈਣ ਲਈ **http://vch.eduhealth.ca** 'ਤੇ ਔਨਲਾਈਨ ਜਾਉ ਜਾਂ **phem@vch.ca** 'ਤੇ ਈਮੇਲ ਕਰੋ ਅਤੇ ਕੈਟਾਲੌਗ ਨੰਬਰ **FK.754.L581.PU** ਦੱਸੋ।
ਕਾਪੀਰਾਈਟ: ਵੈਨਕੂਵਰ ਕੋਸਟਲ ਹੈਲਥ, ਮਾਰਚ 2016

ਇਸ ਲਿਖਤ ਵਿਚਲੀ ਜਾਣਕਾਰੀ ਸਿਰਫ ਉਸ ਵਿਅਕਤੀ ਲਈ ਹੈ ਜਿਸ ਨੂੰ ਇਹ ਹੈਲਥ ਕੇਅਰ ਟੀਮ ਵਲੋਂ ਦਿੱਤੀ ਗਈ ਸੀ।
www.vch.ca

Vancouver CoastalHealth

Punjabi

# ਜਿਗਰ ਦੀ ਬਦਲੀ

## ਸੋਸ਼ਲ ਵਰਕ

# Liver Transplant

## Social Work




ਗੌਰਡਨ ਐਂਡ ਲੈਸਲੀ ਡਾਇਮੰਡ
ਹੈਲਥ ਕੇਅਰ ਸੈਂਟਰ
ਸੌਲਿਡ ਔਰਗਨ ਟ੍ਰਾਂਸਪਲਾਂਟ ਕਲੀਨਿਕ
5th Floor, 2775 Laurel St
Vancouver, BC V5Z 1M9
ਟੈਲੀਫੋਨ: 604 875-5182

*Promoting wellness. Ensuring care.*

ਤੁਹਾਡੇ ਜਿਗਰ ਦੀ ਬਦਲੀ ਤੋਂ ਪਹਿਲਾਂ ਦੀ ਜਾਂਚ ਦੇ ਕਾਰਜ ਦੇ ਹਿੱਸੇ ਵਜੋਂ, ਇਕ ਸੋਸ਼ਲ ਵਰਕਰ ਮਨੋਸਮਾਜਿਕ (ਸਾਇਕੋਸੋਸ਼ਲ) ਜਾਂਚ ਪੂਰੀ ਕਰਨ ਲਈ ਤੁਹਾਨੂੰ ਮਿਲੇਗਾ। ਸੋਸ਼ਲ ਵਰਕਰ ਤੁਹਾਨੂੰ ਜਿਗਰ ਦੀ ਬਦਲੀ (ਲਿਵਰ ਟ੍ਰਾਂਸਪਲਾਂਟ) ਬਾਰੇ ਜ਼ਰੂਰੀ ਜਾਣਕਾਰੀ ਵੀ ਦੇਵੇਗਾ।

ਇਸ ਪਰਚੇ ਵਿਚ ਤੁਹਾਨੂੰ ਮੁਢਲੀ ਜਾਣਕਾਰੀ ਦਿੱਤੀ ਜਾ ਰਹੀ ਹੈ ਜੋ ਤੁਹਾਨੂੰ ਆਪਣੀ ਪਹਿਲੀ ਅਪੌਇੰਟਮੈਂਟ ਦੀ ਤਿਆਰੀ ਲਈ ਮਦਦ ਕਰੇਗੀ।

ਤੁਹਾਡੀ ਜਾਂਚ ਦੌਰਾਨ ਸੋਸ਼ਲ ਵਰਕਰ ਤੁਹਾਨੂੰ ਜ਼ਿਆਦਾ ਵੇਰਵਾ ਦੇਵੇਗਾ ਅਤੇ ਤੁਹਾਨੂੰ ਇਹ ਗੱਲਬਾਤ ਕਰਨ ਲਈ ਮੌਕਾ ਮਿਲੇਗਾ ਕਿ ਇਹ ਜਾਣਕਾਰੀ ਤੁਹਾਡੇ ’ਤੇ ਕਿਸ ਤਰ੍ਹਾਂ ਅਸਰ ਪਾਉਂਦੀ ਹੈ। ਇਹ ਆਸ ਕੀਤੀ ਜਾਂਦੀ ਹੈ ਕਿ ਤੁਸੀਂ ਆਪਣੀ ਪਹਿਲੀ ਅਪੌਇੰਟਮੈਂਟ ਤੋਂ ਪਹਿਲਾਂ ਹੇਠਾਂ ਲਿਖੇ ਕੁਝ ਕੰਮ ਕਰਨੇ ਸ਼ੁਰੂ ਕਰ ਦਿੱਤੇ ਹੋਣਗੇ ਅਤੇ ਸ਼ਾਇਦ ਪੂਰੇ ਵੀ ਕਰ ਲਏ ਹੋਣਗੇ।

## ਸਮਾਜਿਕ ਮਦਦ ਦੀਆਂ ਲੋੜਾਂ

ਅਕਸਰ, ਜਿਗਰ ਦੀ ਬਦਲੀ (ਲਿਵਰ ਟ੍ਰਾਂਸਪਲਾਂਟ) ਤੋਂ ਪਹਿਲਾਂ ਲੋਕ ਬਹੁਤ ਬੀਮਾਰ ਹੋ ਸਕਦੇ ਹਨ ਅਤੇ ਉਨ੍ਹਾਂ ਨੂੰ ਰੋਜ਼ਮਰਾ ਦੇ ਕੰਮਾਂ ਲਈ ਪਰਿਵਾਰ ਅਤੇ/ਜਾਂ ਦੋਸਤਾਂ ਦੀ ਮਦਦ ਦੀ ਲੋੜ ਹੋ ਸਕਦੀ ਹੈ। ਇਸ ਦੇ ਨਾਲ ਹੀ, ਜਿਗਰ ਦੀ ਬਦਲੀ ਤੋਂ ਬਾਅਦ ਲੋਕਾਂ ਨੂੰ ਇਹ ਰੋਜ਼ਮਰਾ ਦੇ ਕੰਮ ਪੂਰੇ ਕਰਨ ਲਈ, ਦਵਾਈਆਂ ਲੈਣ ਲਈ ਅਤੇ ਸਿਹਤ ’ਤੇ ਆਮ ਨਿਗਰਾਨੀ ਰੱਖਣ ਲਈ ਵਾਧੂ ਮਦਦ ਦੀ ਲੋੜ ਪਵੇਗੀ। ਤੁਸੀਂ ਕਿਉਂਕਿ ਕਾਰ ਚਲਾਉਣ ਦੇ ਯੋਗ ਨਹੀਂ ਹੋਵੋਗੇ, ਤੁਹਾਨੂੰ ਆਉਣ ਜਾਣ ਲਈ ਮਦਦ ਦੀ ਲੋੜ ਪਵੇਗੀ।

ਜਿਹੜੇ ਲੋਕ ਤੁਹਾਡੀ ਮਦਦ ਕਰਨਗੇ ਉਨ੍ਹਾਂ ਨੂੰ ‘ਸਮਾਜਕ ਮਦਦ (ਸੋਸ਼ਲ ਸਪੋਰਟ)’ ਆਖਿਆ ਜਾਂਦਾ ਹੈ। ਜਿਗਰ ਦੀ ਬਦਲੀ ਤੋਂ ਪਹਿਲਾਂ ਅਤੇ ਬਾਅਦ ਵਿਚ ਢੁਕਵੀਂ ਮਦਦ ਦਾ ਹੋਣਾ ਕਾਮਯਾਬ ਨਤੀਜਿਆਂ ਲਈ ਬਹੁਤ ਮਹੱਤਵਪੂਰਨ ਹੈ। ਇਸ ਕਰਕੇ ਇਹ ਮੰਗ ਕੀਤੀ ਜਾਂਦੀ ਹੈ ਕਿ ਜਿਗਰ ਬਦਲੀ ਦੇ ਪ੍ਰੋਗਰਾਮ ਵਿਚ ਦਾਖਲ ਹੋਣ ਵਾਲੇ ਸਾਰੇ ਲੋਕਾਂ ਕੋਲ ਸਮਾਜਿਕ ਮਦਦ ਕਰਨ ਵਾਲੇ ਲੋਕਾਂ ਦਾ ਪ੍ਰਬੰਧ ਹੋਵੇ। ਜ਼ਿਆਦਾ ਵੇਰਵਿਆਂ ਲਈ ਕਿਰਪਾ ਕਰਕੇ ਨਾਲ ਲੱਗਾ ਸਮਾਜਿਕ ਮਦਦ ਦਾ ਇਕਰਾਰਨਾਮਾ (ਸੋਸ਼ਲ ਸਪੋਰਟ ਕੌਨਟਰੈਕਟ) ਦੇਖੋ।

## ਛੁੱਟੀ ਤੋਂ ਬਾਅਦ ਵੈਨਕੂਵਰ ਦੇ ਇਲਾਕੇ ਵਿਚ ਰਿਹਾਇਸ਼

ਜਿਗਰ ਦੀ ਬਦਲੀ ਤੋਂ ਬਾਅਦ ਤੁਹਾਡੇ ’ਤੇ ਬਹੁਤ ਨੇੜਿਉਂ ਨਿਗਰਾਨੀ ਰੱਖੀ ਜਾਵੇਗੀ। ਛੁੱਟੀ ਮਿਲਣ ਤੋਂ ਬਾਅਦ ਤੁਹਾਡੇ ਅਤੇ ਤੁਹਾਡੀ ਮਦਦ ਕਰਨ ਵਾਲੇ ਵਿਅਕਤੀ/ਆਂ ਲਈ ਘੱਟੋ ਘੱਟ 3 ਮਹੀਨਿਆਂ ਲਈ ਵੈਨਕੂਵਰ ਦੇ ਇਲਾਕੇ ਵਿਚ ਰਹਿਣਾ ਜ਼ਰੂਰੀ ਹੈ। ਇਸ ਸਮੇਂ ਦੌਰਾਨ ਤੁਹਾਡੀ ਖਾਸ ਸੰਭਾਲ ਕੀਤੀ ਜਾਵੇਗੀ ਜਿਹੜੀ ਤੁਹਾਡੇ ਘਰ ਵਾਲੇ ਇਲਾਕੇ ਵਿਚ ਨਹੀਂ ਦਿੱਤੀ ਜਾ ਸਕਦੀ। ਜਿਗਰ ਬਦਲੀ ਕਰਨ ਵਾਲੀ ਟੀਮ, ਵੈਨਕੂਵਰ ਦਾ ਸਥਾਨਕ ਇਲਾਕਾ ਐਬਟਸਫੋਰਡ, ਮਿਸ਼ਨ ਅਤੇ ਲਾਇਨਜ਼ ਬੇਅ ਤੱਕ ਸਮਝਦੀ ਹੈ। ਜੇ ਤੁਹਾਡੇ ਰਿਸ਼ਤੇਦਾਰ ਜਾਂ ਦੋਸਤ ਇਨ੍ਹਾਂ ਹੱਦਾਂ ਦੇ ਵਿਚ ਵਿਚ ਰਹਿੰਦੇ ਹੋਣ ਤਾਂ ਤੁਸੀਂ ਉਨ੍ਹਾਂ ਨਾਲ ਰਹਿ ਸਕਦੇ ਹੋ।

ਵੈਨਕੂਵਰ ਜਨਰਲ ਹਸਪਤਾਲ (ਵੀ ਜੀ ਐੱਚ) ਦੇ ਨੇੜੇ ਅਕਸਰ ਥੋੜ੍ਹੇ ਸਮੇਂ ਲਈ, ਫਰਨੀਚਰ ਆਦਿ ਸਮੇਤ ਰਹਿਣ ਲਈ ਤਿਆਰ ਕਿਰਾਏ ’ਤੇ ਮਕਾਨ ਮਿਲ ਜਾਂਦੇ ਹਨ। ਐੱਸ ਓ ਟੀ ਦਾ ਸੋਸ਼ਲ ਵਰਕਰ ਤੁਹਾਨੂੰ ਵੀ ਜੀ ਐੱਚ ਦੇ ਇਲਾਕੇ ਵਿਚ ਕਿਰਾਏ ਦੇ ਮਕਾਨਾਂ ਦੀ ਲਿਸਟ ਅਤੇ ਗਾਈਡ ਮੁਹੱਈਆ ਕਰੇਗਾ।

ਪਰ ਤੁਹਾਨੂੰ ਇਸ ਇਲਾਕੇ ਤੋਂ ਬਾਹਰ ਲੱਭਣ ਲਈ ਤਿਆਰ ਹੋਣ ਦੀ ਲੋੜ ਹੈ। ਵੈਨਕੂਵਰ ਵਿਚ ਥੋੜ੍ਹੇ ਸਮੇਂ ਲਈ ਕਿਰਾਏ ਦੇ ਮਕਾਨ ਮਹਿੰਗੇ ਹਨ। ਤੁਹਾਨੂੰ ਆਵਾਜਾਈ, ਪਾਰਕਿੰਗ, ਖਾਣੇ ਆਦਿ ਲਈ ਵੀ ਬੱਜਟ ਰੱਖਣ ਦੀ ਲੋੜ ਪਵੇਗੀ। ਇਨ੍ਹਾਂ ਖਰਚਿਆਂ ਵਿਚ ਸਹਾਇਤਾ ਲਈ ਮਿਲਣ ਵਾਲੀ ਮਾਇਕ ਮਦਦ ਸੀਮਤ ਹੈ। ਇਹ ਦੇਖਣ ਲਈ ਐੱਸ ਓ ਟੀ ਦਾ ਸੋਸ਼ਲ ਵਰਕਰ ਤੁਹਾਡੇ ਨਾਲ ਕੰਮ ਕਰੇਗਾ ਕਿ ਕੀ ਇਨ੍ਹਾਂ ਖਰਚਿਆਂ ਲਈ ਤੁਹਾਨੂੰ ਕੋਈ ਮਾਇਕ ਮਦਦ ਮਿਲ ਸਕਦੀ ਹੈ।

## ਸੰਭਾਲ ਦੀ ਅਗਾਊਂ ਵਿਉਂਤਬੰਦੀ

ਜਿਗਰ ਦੀ ਸੰਭਾਵੀ ਬਦਲੀ ਲਈ ਤਿਆਰੀ ਕਰਨ ਵਿਚ ਸਾਰੇ ਲੋਕਾਂ ਨੂੰ ਸੰਭਾਲ ਦੀ ਕੁਝ ਅਗਾਊਂ ਵਿਉਂਤਬੰਦੀ ਵੀ ਕਰਨੀ ਚਾਹੀਦੀ ਹੈ। ਇਸ ਵਿਚ ਵਸੀਅਤ ਲਿਖਣਾ/ਨਵੀਂ ਬਣਾਉਣਾ, ਮੁਖਤਾਰਨਾਮਾ (ਪੀ ਓ ਏ) ਬਣਾਉਣਾ ਅਤੇ ਮੈਡੀਕਲ ਨੁਮਾਇੰਦੇ ਦਾ ਨਾਂ ਮਿੱਥਣਾ ਵੀ ਸ਼ਾਮਲ ਹੈ।

- ਵਸੀਅਤ (ਵਿਲ) ਇਕ ਅਜਿਹਾ ਪੇਪਰ ਹੈ ਜਿਹੜਾ ਕਿਸੇ ਵਿਅਕਤੀ ਦੀ ਮੌਤ ਤੋਂ ਬਾਅਦ ਉਸ ਦੀ ਜਾਇਦਾਦ ਦਾ ਨਿਪਟਾਰਾ ਕਰਨ ਲਈ ਵਰਤਿਆ ਜਾਂਦਾ ਹੈ।
- ਮੁਖਤਾਰਨਾਮਾ (ਪੀ ਓ ਏ) ਉਹ ਪੇਪਰ ਹੈ ਜਿਹੜਾ ਉਸ ਵੇਲੇ ਲਈ ਕਿਸੇ ਹੋਰ ਨੂੰ ਤੁਹਾਡੇ ਪੈਸੇ-ਧੇਲੇ ਦੀ ਸੰਭਾਲ ਕਰਨ ਲਈ ਨਿਯੁਕਤ ਕਰਦਾ ਹੈ ਜਦੋਂ ਤੁਸੀਂ ਆਪਣੇ ਮਾਇਕ ਮਾਮਲੇ ਆਪ ਨਾ ਸੰਭਾਲ ਸਕਦੇ ਹੋਵੋ।
- ਮੈਡੀਕਲ ਨੁਮਾਇੰਦਾ ਨਿਯੁਕਤ ਕੀਤਾ ਗਿਆ ਉਹ ਵਿਅਕਤੀ ਹੈ ਜਿਹੜਾ ਮੈਡੀਕਲ ਫੈਸਲੇ ਕਰਨ ਵਿਚ ਮਦਦ ਕਰਦਾ ਹੈ, ਜੇ ਤੁਸੀਂ ਮੈਡੀਕਲ ਇਲਾਜ ਕਰਵਾਉਣ ਜਾਂ ਇਸ ਲਈ ਸਹਿਮਤੀ ਦੇਣ ਦੇ ਯੋਗ ਨਾ ਰਹੋ।